بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 25.09.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਬਿਲਾਲ ਬਿਨ ਰਿਬਾਹ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 25 ਸਤੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم. بِسۡمِ اللّٰهِ الرَّحۡمٰنِ الرَّحِيۡمِ. اَلۡحَمۡدُ لِلّٰهِ رَبِّ الۡعٰلَمِيۡنَ. الرَّحۡمٰنِ الرَّحِيۡمِ. مٰلِكِ يَوۡمِ الدِّيۡنِ. إِيَّاكَ نَعۡبُدُ وَإِيَّاكَ نَسۡتَعِيۡنُ. اِهۡدِنَا الصِّرَاطَ الۡمُسۡتَقِيۡمَ. صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ.

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬਦਰ ਦੇ ਸਹਾਬਾ ਵਿੱਚ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ । ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਨੂੰ ਸਵੇਰ ਦੀ ਨਮਾਜ਼ ਸਮੇਂ ਪੁੱਛਿਆ ਕਿ ਬਿਲਾਲ ਮੈਂਨੂੰ ਦੱਸੋ ਜੋ ਸਭ ਤੋਂ ਵੱਧ ਆਸ਼ਾ ਵਾਲਾ ਕੰਮ ਕੁਸੀਂ ਇਸਲਾਮ ਵਿੱਚ ਕੀਤਾ ਹੋਵੇ ਕਿਉਂਕਿ ਮੈਂ ਸਵਰਗ ਵਿੱਚ ਆਪਣੇ ਅੱਗੇ ਤੁਹਾਡੇ ਪੈਰ੍ਹਾਂ ਦੀ ਚਾਪਾਂ (ਚਲੱਣ ਦੀ ਅਵਾਜ਼ਾਂ) ਸੁਣੀਆਂ ਹਨ । ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਨੇ ਕਿਹਾ ਕਿ ਮੈਂ ਇਸ ਤੋਂ ਵੱਧ ਆਸ਼ਾ ਵਾਲਾ ਕੋਈ ਕੰਮ ਨਹੀਂ ਕੀਤਾ ਕਿ ਜੱਦ ਵੀ ਮੈਂ ਰਾਤ ਨੂੰ ਜਾਂ ਦਿਨ ਵੇਲੇ ਕਿਸੇ ਸਮੇਂ ਵੁਜ਼ੂ ਕੀਤਾ ਤਾਂ ਮੈਂ ਇਸ ਵੁਜ਼ੂ ਨਾਲ ਨਮਾਜ਼ ਜ਼ਰੂਰ ਪੜ੍ਹੀ ਹੈ ਜਿੰਨ੍ਹੀ ਵੀ ਮੇਰੇ ਲਈ ਪੜ੍ਹਨੀ ਮੁਕਦੱਰ ਸੀ ।

ਇਕ ਰਿਵਾਇਤ ਵਿੱਚ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਜੱਦ ਮੈਂਨੂੰ ਸਵਰਗ ਵੱਲ ਰਾਤ ਨੂੰ ਲੈ ਜਾਇਆ ਗਿਆ ਤਾਂ ਮੈਂ ਪੈਰ੍ਹਾਂ ਦੀਆਂ ਚਾਪਾਂ ਸੁਣੀਆਂ, ਮੈਂ ਕਿਹਾ ਹੇ ਜਿਬਰਾਈਲ ਇਹ ਪੈਰ੍ਹਾਂ ਦੀਆ ਚਾਪਾਂ ਕੈਸੀਆਂ ? ਜਿਬਰਾਈਲ ਨੇ ਕਿਹਾ, ਇਹ ਬਿਲਾਲ ਹਨ । ਹਜ਼ਰਤ ਅਬੂਬਕਰ ਨੇ ਕਿਹਾ ਕਿ ਕਾਸ਼ ! ਮੈਂ ਬਿਲਾਲ ਦੀ ਮਾਂ ਦੇ ਕੁੱਖੋਂ ਹੁੰਦਾ, ਹੇ ਕਾਸ਼ ! ਬਿਲਾਲ ਦਾ ਪਿਤਾ ਮੇਰਾ ਪਿਤਾ ਹੁੰਦਾ ਅਤੇ ਮੈਂ ਬਿਲਾਲ ਵਾਂਗ ਹੁੰਦਾ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਕਿਨ੍ਹਾਂ ਹੀ ਆਲਾ ਮੁਕਾਮ ਹੈ ਉਸ ਬਿਲਾਲ ਦਾ ਜਿਸ ਨੂੰ ਕਿਸੇ ਸਮੇਂ ਹਕੀਰ ਸਮਝਕੇ ਪਥੱਰਾਂ ਉਪੱਰ ਘਸੀਟਿਆ ਜਾਂਦਾ ਸੀ । ਹਜ਼ਰਤ ਅਬੂਬਕਰ ਇਛੱਾ ਕਰ ਰਹੇ ਹਨ ਕਿ ਕਾਸ਼ ! ਮੈਂ ਬਿਲਾਲ ਹੁੰਦਾ ।

ਇਕ ਮੌਕੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਨੇ ਇਸਤਰੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਆਪਣੇ ਭਾਸ਼ਣ ਵਿੱਚ ਫ਼ਰਮਾਇਆ, ਉਹ ਕੰਮ ਜੋ ਰੱਬ ਲਈ ਕਰੋਗੇ ਬਾਕੀ ਰਹੇਗਾ । ਅੱਜ ਬਿਲਾਲ ਦੀ ਸੰਤਾਨ ਕਿੱਥੇ ਹੈ ਅਸੀਂ

ਨਹੀਂ ਜਾਣਦੇ ਕੋਈ ਸੰਤਾਨ ਹੈ ਵੀ ਜਾ ਨਹੀਂ ਅਤੇ ਜੇਕਰ ਹੈ ਤਾਂ ਕਿੱਥੇ ਹੈ, ਉਸਦਾ ਘਰ ਕਿੱਥੇ ਹੈ, ਉਸਦੀ ਜਾਇਦਾਦ ਕਿੱਥੇ ਹੈ ਪਰ ਉਹ ਜੋ ਉਸਨੇ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਮਸਜਿਦ ਵਿੱਚ ਅਜ਼ਾਨ ਦਿੱਤੀ ਸੀ ਉਹ ਹੁਣ ਤੱਕ ਬਾਕੀ ਹੈ ਅਤੇ ਬਾਕੀ ਰਹੇਗੀ ਅਤੇ ਉਹ ਜੋ ਨੇਕੀਆਂ ਹਨ ਜੋ ਬਾਕੀ ਰਹਿਣ ਵਾਲੀਆਂ ਨੇਕੀਆਂ ਹਨ ।

ਹਜ਼ਰਤ ਬਿਲਾਲ ਤੋਂ ਚੁਤਾਲ੍ਹੀ ਹਦੀਸਾਂ ਮੁਰੱਵੀ (ਰਿਵਾਇਤ ਕੀਤੀਆਂ ਹੋਈਆਂ) ਸਹਹੀਨ ਵਿੱਚ ਚਾਰ ਰਿਵਾਇਤਾਂ ਆਈਆਂ ਹਨ ਇਕ ਰਿਵਾਇਤ ਵਿੱਚ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਸਵਰਗ ਤਿੰਨ ਲੋਕਾਂ ਨੂੰ ਮਿਲਣ ਲਈ ਬਹੁਤ ਉਤਸਾਹਤ ਹੈ ਅਤੇ ਉਹ ਹਨ ਅਲੀ, ਅਮਾਰ ਅਤੇ ਬਿਲਾਲ ।

ਇਕ ਵਾਰ ਹਜ਼ਰਤ ਉਮਰ ਹਜ਼ਰਤ ਅਬੂਬਕਰ ਦੇ ਸਦਗੁਣਾ ਨੂੰ ਵਰਨਣ ਕਰ ਰਹੇ ਸਨ । ਆਪ ਨੇ ਹਜ਼ਰਤ ਅਬੂ ਬਕਰ ਦੇ ਸਦਗੁਣਾ ਨੂੰ ਵਰਨਣ ਕਰਦਿਆਂ ਹੋਇਆਂ ਹਜ਼ਰਤ ਬਿਲਾਲ ਵੱਲ ਸੰਕੇਤ ਕਰਦਿਆਂ ਹੋਇਆਂ ਫ਼ਰਮਾਇਆ ਇਹ ਜੋ ਬਿਲਾਲ ਹਨ ਸਾਡੇ ਸਰਦਾਰ ਹਨ ਅਤੇ ਹਜ਼ਰਤ ਅਬੂਬਕਰ ਦੀਆਂ ਨੇਕੀਆਂ ਵਿੱਚੋਂ ਇਕ ਨੇਕੀ ਹਨ ਕਿਉਂਕਿ ਹਜ਼ਰਤ ਅਬੂਬਕਰ ਨੇ ਹਜ਼ਰਤ ਬਿਲਾਲ ਨੂੰ ਗ਼ੁਲਾਮੀ ਵਿੱਚੋਂ ਅਜ਼ਾਦ ਕਰਾਇਆ ਸੀ ।

ਆਇਜ਼ ਬਿਨ ਉਮਰੋ ਤੋਂ ਰਿਵਾਇਤ ਹੈ ਕਿ ਹਜ਼ਰਤ ਸਲਮਾਨ, ਹਜ਼ਰਤ ਸੁਹੈਬ ਅਤੇ ਹਜ਼ਰਤ ਬਿਲਾਲ ਬਾਰੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹੇ ਅਬੂ ਬਕਰ ! ਜੇਕਰ ਤੁਸੀਂ ਇਹਨਾ ਨੂੰ ਨਰਾਜ਼ ਕੀਤਾ ਤਾਂ ਨਿਸ਼ਚੇ ਹੀ ਤੁਸੀਂ ਆਪਣੇ ਰੱਬ ਨੂੰ ਨਰਾਜ਼ ਕੀਤਾ ।

ਹਜ਼ਰਤ ਅਬੂ ਮੂਸਾ ਤੋਂ ਰਿਵਾਇਤ ਹੈ ਕਿ ਇਕ ਇਰਾਬੀ ਵਿਅਕਤੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਅਰਜ਼ ਕੀਤੀ ਕਿ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕੀ ਆਪ ਮੇਰੇ ਨਾਲ ਕੀਤਾ ਹੋਇਆ ਵਾਦ ਪੂਰਾ ਨ ਕਰਨਗੇ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਤੁਹਾਨੂੰ ਖ਼ੁਸ਼ਖਬਰੀ ਹੋਵੇ । ਇਸ'ਤੇ ਉਹ ਬਦੂੰ ਕਹਿਣ ਲਗੱਾ ਕਿ ਆਪ ਮੈਂਨੂੰ ਇਹ ਬਹੁਤ ਵਾਰੀ ਕਹਿ ਚੁਕੇ ਹਨ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬੂ ਮੂਸਾ ਅਤੇ ਹਜ਼ਰਤ ਬਿਲਾਲ ਵੱਲ ਧਿਆਨ ਦਿੰਦਿਆਂ ਹੋਇਆ ਫ਼ਰਮਾਇਆ ਕਿ ਇਸ ਨੇ ਖ਼ੁਸ਼ਖਬਰੀ ਨੂੰ ਰੱਦ ਕਰ ਦਿਤੱਾ ਹੈ । ਸੋ ਤੁਸੀਂ ਦੋਵੇਂ ਇਹ ਖੁਸ਼ਖ਼ਬਰੀ ਕੁਬੂਲ ਕਰ ਲਓ । ਇਹਨਾਂ ਦੋਹਾਂ ਨੇ ਅਰਜ਼ ਕੀਤੀ ਹੇ ਰਸੂਲੁਲੱਾਹ ਅਸੀਂ ਕੁਬੂਲ ਕੀਤੀ । ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਕ ਪਿਆਲਾ ਮੰਗਵਾਇਆ ਜਿਸ ਵਿੱਚ ਪਾਣੀ ਸੀ ਉਸ ਵਿੱਚੋਂ ਆਪ ਨੇ ਆਪਣੇ ਦੋਵੇਂ ਹੱਥ ਅਤੇ ਚਿਹਰਾ ਧੋਤਾ ਅਤੇ ਕੁਰਲੀ ਕੀਤੀ ਫਿਰ ਫ਼ਰਮਾਇਆ ਤੁਸੀਂ ਇਸ ਵਿੱਚੋਂ ਪੀ ਲਓ, ਅਤੇ ਦੋਵੇਂ ਆਪਣੇ ਚਿਹਰੇ ਤੇ ਸੀਨਿਆਂ ਉਪੱਰ ਪਾ ਲਓ ਅਤੇ ਖ਼ੁਸ਼ ਹੋ ਜਾਓ । ਸੋ, ਉਹਨਾਂ ਦੋਹਾਂ ਨੇ ਉਹ ਪਿਆਲਾ ਲਿਆ ਅਤੇ ਉਸੇ ਪ੍ਰਕਾਰ ਕੀਤਾ ਜਿਵੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਕਰਨ ਦਾ ਹੁਕਮ ਦਿਤੱਾ ਸੀ ਤਾਂ ਪਰਦੇ ਦੇ ਪਿੱਛੋਂ ਹਜ਼ਰਤ ਉਮੇ ਸਲਮਾ ਨੇ ਉਹਨਾਂ ਨੂੰ ਪੁਕਾਰਿਆਂ ਕਿ ਜੋ ਤੁਸੀਂ ਦੋਹਾਂ ਦੇ ਬਰਤਨ ਵਿੱਚ ਹੈ ਉਸ ਵਿੱਚੋਂ ਕੁਝ ਆਪਣੀ ਮਾਂ ਅਰਥਾਤ ਹਜ਼ਰਤ ਉਮੇ ਸਲਮਾ ਉਮੁੱਲ ਮੋਮਿਨੀਨ ਲਈ ਵੀ ਬਚਾਓ ਤਾਂ ਉਹਨਾਂ ਦੋਹਾਂ ਨੇ ਉਹਨਾ ਲਈ ਉਸ ਵਿੱਚੋਂ ਕੁਝ ਬਚਾ ਦਿਤੱਾ ।

ਹਜ਼ਰਤ ਅਲੀ ਰਿਵਾਇਤ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਇਆ ਹਰ ਨਬੀ ਨੂੰ ਅਲੱਾਹ ਤਆਲਾ ਨੇ ਸੱਤ ਨਕੀਬ (ਚੋਬਦਾਰ) ਪ੍ਰਦਾਨ ਕੀਤੇ ਹਨ ਅਤੇ ਮੈਂਨੂੰ ਚੋਦਾਂ (14) ਨਕੀਬ ਪ੍ਰਦਾਨ ਹੋਏ ਹਨ । ਅਸੀਂ ਬਿਨਤੀ ਕੀਤੀ ਕਿ ਉਹ ਕੌਣ ਹਨ ਹਜ਼ਰਤ ਅਲੀ ਨੇ ਕਿਹਾ ਮੇਰੇ ਦੋਵੇਂ ਪੁਤੱਰ, ਜਾਅਫ਼ਰ, ਹਮਜ਼ਾ, ਅਬੂਬਕਰ, ਉਮਰ, ਮਸਾਅਬ ਬਿਨ ਉਮੈਰ, ਬਿਲਾਲ, ਸਲਮਾਨ, ਮਿਕਦਾਦ, ਅਬੂਜ਼ਰ, ਅਮਾਰ ਅਤੇ ਅਬਦੁਲੱਾਹ ਬਿਨ ਮਸਊਦ ।

ਹਜ਼ਰਤ ਜ਼ੈਦ ਬਿਨ ਅਰਕਮ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਬਿਲਾਲ ਕਿੰਨ੍ਹਾ ਹੀ ਚੰਗਾ ਇਨਸਾਨ ਹੈ, ਉਹ ਸਾਰਿਆਂ ਮੁਅਜ਼ੱਨਾ (ਅਜ਼ਾਨ ਦੇਣ ਵਾਲਿਆਂ) ਦਾ ਸਰਦਾਰ ਹੈ, ਉਸ ਦੀ ਪੈਰ੍ਹਵੀ ਕਰਨ ਵਾਲੇ ਕੇਵਲ ਮੁਅਜ਼ੱਨ ਹੀ ਹੋਣਗੇ ਅਤੇ ਕਯਾਮਤ ਦੇ ਦਿਨ ਸਭ ਤੋਂ ਲੰਮੀ ਗਰਦਨਾ ਵਾਲੇ ਮੁਅਜ਼ੱਨ ਹੀ ਹੋਣਗੇ । ਹਜ਼ਰਤ ਜ਼ੈਦ ਬਿਨ ਅਰਕਮ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਬਿਲਾਲ ਕਿੰਨ੍ਹਾ ਹੀ ਚੰਗਾ

ਇਨਸਾਨ ਹੈ ਕਿ ਸ਼ਹੀਦਾਂ ਤੇ ਮੁਅਜ਼ੱਨਾ ਦਾ ਸਰਦਾਰ ਹੈ ਅਤੇ ਕਯਾਮਤ ਵਾਲੇ ਦਿਨ ਸਭ ਤੋਂ ਲੰਮੀ ਗਰਦਨ ਵਾਲੇ ਹਜ਼ਰਤ ਬਿਲਾਲ ਹੋਣਗੇ, ਅਰਥਾ ਵੱਡੇ ਸਨਮਾਨ ਦਾ ਅਸਥਾਨ ਉਹਨਾਂ ਨੂੰ ਮਿਲੇਗਾ ।

ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਬਿਲਾਲ ਨੂੰ ਸਵਰਗ ਦੀਆਂ ਊਠਣੀਆਂ ਵਿੱਚੋਂ ਇਕ ਊਠਣੀ ਦਿੱਤੀ ਜਾਏਗੀ ਅਤੇ ਉਹ ਇਸ'ਤੇ ਸਵਾਰ ਹੋਣਗੇ । ਹਜ਼ਰਤ ਬਿਲਾਲ ਦੀ ਪਤਨੀ ਰਿਵਾਇਤ ਕਰਦੀ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਬਿਲਾਲ ਮੇਰੀ ਜੋ ਵੀ ਗੱਲ ਤੁਹਾਡੇ ਤੱਕ ਪਹੁੰਚਾਉਣਗੇ ਉਹ ਨਿਸ਼ਚੇ ਹੀ ਸੱਚੀ ਹੋਵੇਗੀ ਅਤੇ ਬਿਲਾਲ ਤੁਹਾਡੇ ਨਾਲ ਗ਼ਲਤ ਗੱਲ ਨਹੀਂ ਕਰੇਗਾ ਸੋ, ਤੁਸੀਂ ਬਿਲਾਲ'ਤੇ ਕਦੇ ਵੀ ਨਾਰਾਜ਼ ਨ ਹੋਣਾ ਵਰਨਾ ਉਸ ਸਮੇਂ ਤੱਕ ਤੁਹਾਡਾ ਕੋਈ ਕਰਮ ਕੁਬੂਲ ਨਹੀਂ ਹੋਵੇਗਾ ਜੱਦ ਤੱਕ ਤੁਸੀਂ ਬਿਲਾਲ ਨੂੰ ਨਰਾਜ਼ ਰੱਖਿਆ ।

ਹਜ਼ਰਤ ਅਬੂ ਹੁਰੈਰਾ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਬਿਲਾਲ ਦੀ ਉਦਾਹਰਣ ਤਾਂ ਸ਼ਹਿਦ ਦੀ ਮੱਖੀ ਜਿਹੀ ਹੈ ਜੋ ਮਿੱਠੇ ਫਲਾਂ ਅਤੇ ਕੌੜੀਆਂ ਬੂਟੀਆਂ ਵਿੱਚੋਂ ਰਸ ਚੂਸਦੀ ਹੈ ਪਰ ਜੱਦ ਸ਼ਹਿਦ ਬਣਦਾ ਹੈ ਤਾਂ ਸਾਰੇ ਦਾ ਸਾਰਾ ਮਿੱਠਾ ਹੁੰਦਾ ਹੈ । ਹਜ਼ਰਤ ਬਿਲਾਲ ਦੀ ਪਤਨੀ ਬਿਆਨ ਕਰਦੀ ਹਨ ਕਿ ਹਜ਼ਰਤ ਬਿਲਾਲ ਜੱਦ ਬਿਸਤਰ'ਤੇ ਲੇਟਦੇ ਤਾਂ ਇਹ ਦੁਆ ਪੜ੍ਹਿਆ ਕਰਦੇ ਕਿ ਹੇ ਅਲੱਾਹ ! ਮੇਰੀਆਂ ਖ਼ਤਾਵਾਂ ਨੂੰ ਦਰਗੁਜ਼ਰ ਫ਼ਰਮਾ ਅਤੇ ਮੇਰੀਆਂ ਕੋਤਾਹੀਆਂ ਬਾਰੇ ਮੈਂਨੂੰ ਲਾਚਾਰ ਸਮਝ ।

ਹਜ਼ਰਤ ਬਿਲਾਲ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੈਂਨੂੰ ਫ਼ਰਮਾਇਆ, ਹੇ ਬਿਲਾਲ ! ਗ਼ਰੀਬੀ ਵਿੱਚ ਮਰਨਾ ਅਤੇ ਅਮੀਰੀ ਵਿੱਚ ਨ ਮਰਨਾ, ਮੈਂ ਅਰਜ਼ ਕੀਤੀ ਇਹ ਕਿਵੇਂ ਹੋਵੇ ਇਸ ਦੀ ਸਮਝ ਨਹੀਂ ਆਈ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੋ ਰਿਜ਼ਕ ਤੁਹਾਨੂੰ ਪ੍ਰਾਪਤ ਹੋਵੇ ਉਸ ਨੂੰ ਸੰਭਾਲਕੇ ਨ ਰਖੱਣਾ ਅਤੇ ਜੋ ਚੀਜ਼ ਤੁਹਾਡੇ ਕੋਲੋ ਮੰਗੀ ਜਾਏ ਉਸ ਨੂੰ ਮਨਾ ਨ ਕਰਨਾ । ਮੈਂ ਅਰਜ਼ ਕੀਤੀ ਹੇ ਰਸੂਲੁਲੱਾਹ, ਜੇਕਰ ਮੈਂ ਅਜਿਹਾ ਨ ਕਰ ਸਕਿਆ ਤਾਂ ਕੀ ਹੋਵੇਗਾ ? ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਅਜਿਹਾ ਕਰਨਾ ਹੋਵੇਗਾ ਵਰਨਾ ਅੱਗ ਠਿਕਾਣਾ ਹੋਵੇਗੀ । ਹਜ਼ੂਰ ਅਨਵਰ ਨੇ ਫ਼ਰਮਾਇਆ ਅਰਥਾਤ ਕਿਸੇ ਸਵਾਲੀ ਨੂੰ ਧਿਕਾਰਨਾ ਨਹੀਂ ਅਤੇ ਇਹ ਨਹੀਂ ਕਿ ਕੇਵਲ ਜੋੜਦੇ ਰਹੋ ਅਤੇ ਖ਼ਰਚ ਨ ਕਰੋ, ਖ਼ਰਚ ਕਰਨਾ ਵੀ ਜ਼ਰੂਰੀ ਹੈ ।

ਹਜ਼ਰਤ ਬਿਲਾਲ ਦਾ ਦੇਹਾਂਤ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਵੀਹ ਹਿਜਰੀ ਵਿੱਚ ਦਮਿਸ਼ਕ ਸ਼ਾਮ (ਹੁਣ ਸੀਰੀਆ) ਵਿੱਚ ਹੋਇਆ । ਕਈਆਂ ਅਨੁਸਾਰ ਆਪਦਾ ਦੇਹਾਂਤ ਹਲਬ ਵਿੱਚ ਹੋਇਆ, ਇਸ ਸਮੇਂ ਹਜ਼ਰਤ ਬਿਲਾਲ ਦੀ ਉਮਰ ਸੱਠ ਸਾਲ ਤੋਂ ਵੱਧ ਸੀ । ਕਈ ਲੋਕਾਂ ਦਾ ਵਿਚਾਰ ਹੈ ਕਿ ਹਜ਼ਰਤ ਬਿਲਾਲ ਦਾ ਦੇਹਾਂਤ ਅਠਾਰ੍ਹਾਂ ਹਿਜਰੀ ਵਿੱਚ ਹੋਇਆ । ਆਪ ਨੂੰ ਦਮਿਸ਼ਕ ਦੇ ਕਬ੍ਰਿਸਤਾਨ ਵਿੱਚ 'ਬਾਬਸੱਗ਼ੀਰ' ਦੇ ਕੋਲ ਦਫ਼ਨਾਇਆ ਗਿਆ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ: ਦਮਿਸਕ ਵਿੱਚ ਇਕ ਦਿਨ ਕੁਝ ਲੋਕ ਇਕੱਠੇ ਹੋਏ । ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਵੀ ਇਹਨੀ ਦਿਨੀਂ ਸਬਬ ਨਾਲ ਦਮਿਸ਼ਕ ਆਏ ਹੋਏ ਸਨ । ਲੋਕਾਂ ਤੇ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੂੰ ਬਿਨਤੀ ਕੀਤੀ ਕਿ ਆਪ ਬਿਲਾਲ ਨੂੰ ਆਖੋ ਕਿ ਅਜ਼ਾਨ ਦੇਵੇ । ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਬਿਲਾਲ ਨੂੰ ਬੁਲਾਇਆ ਅਤੇ ਫ਼ਰਮਾਇਆ, ਲੋਕਾਂ ਦੀ ਇਛੱਾ ਹੈ ਕਿ ਆਪ ਅਜ਼ਾਨ ਦੇਣ । ਬਿਲਾਲ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਆਪ ਸਮੇਂ ਦੇ ਖ਼ਲੀਫ਼ਾ ਹਨ ਆਪ ਦੀ ਇਛੱਾ ਹੈ ਤਾਂ ਮੈਂ ਅਜ਼ਾਨ ਦੇ ਦਿੰਦਾ ਹਾਂ ਪਰ ਮੇਰਾ ਦਿਲ ਸਹਿਨ ਨਹੀਂ ਕਰ ਸਕਦਾ । ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁ ਖੜੇ ਹੋ ਜਾਂਦੇ ਹਨ ਅਤੇ ਉਸੇ ਬੁਲੰਦ ਅਵਾਜ਼ ਨਾਲ ਅਜ਼ਾਨ ਦਿੰਦੇ ਹਨ ਜਿਸ ਪ੍ਰਕਾਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਜ਼ਮਾਨੇ ਵਿੱਚ ਅਜ਼ਾਨ ਦਿਆ ਕਰਦੇ ਸਨ । ਹਜ਼ਰਤ ਬਿਲਾਲ ਅਜ਼ਾਨ ਦਿੰਦੇ ਚਲੇ ਜਾਂਦੇ ਹਨ ਅਤੇ ਸੁਣਨ ਵਾਲਿਆਂ ਦੇ ਦਿਲਾਂ'ਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਜ਼ਮਾਨੇ ਨੂੰ ਯਾਦ ਕਰਕੇ

ਮਾਨਸਕ ਨਮ੍ਰਤਾ ਛਾ ਜਾਂਦੀ ਹੈ । ਹਜ਼ਰਤ ਬਿਲਾਲ ਜੱਦ ਅਜ਼ਾਨ ਖ਼ਤਮ ਕਰਦੇ ਹਨ ਤਾਂ ਬੇਹੋਸ਼ ਹੋ ਜਾਂਦੇ ਹਨ ਅਤੇ ਕੁਝ ਮਿੰਟਾਂ ਬਾਦ ਦੇਹਾਂਤ ਹੋ ਜਾਂਦਾ ਹੈ । ਇਹ ਹੈ ਉਹ ਸੱਚੀ ਗਵਾਹੀ ਅਮਲੀ ਗਵਾਹੀ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਜੋ ਇਹ ਫ਼ਰਮਾਇਆ ਕਿ ਅਰਬ ਤੇ ਗ਼ੈਰ ਅਰਬ ਵਿੱਚ ਕੋਈ ਅੰਤਰ ਨਹੀਂ ਅਤੇ ਇਹ ਗਵਾਹੀ ਸੀ ਗ਼ੈਰ ਕੌਮਾਂ ਦੀ ਜਿੰਨ੍ਹਾ ਨੇ ਆਪ ਸਲਲੱਾਹੁ ਅਲੈਹਿ ਵਸਮਲ ਦੀ ਪ੍ਰੇਮ ਭਰੀ ਅਵਾਜ਼ ਨੂੰ ਸੁਣਿਆ ਅਤੇ ਉਸ ਦਾ ਪ੍ਰਭਾਵ ਜੋ ਉਹਨਾ ਨੇ ਦੇਖਿਆ ਉਸ ਨੇ ਉਸਨੂੰ ਵਿਸ਼ਾਸ ਕਰਵਾ ਦਿੱਤਾ ਕਿ ਇਹਨਾ ਦੀ ਆਪਣੀ ਕੌਮ ਇਹਨਾ ਨਾਲ ਉਹ ਪ੍ਰੇਮ ਨਹੀਂ ਕਰ ਸਕਦੀ ਜੋ ਪ੍ਰੇਮ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਇਹਨਾ ਨਾਲ ਕੀਤਾ ਕਰਦੇ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਸਨ ਸਾਡੇ ਪਿਆਰੇ ਬਿਲਾਲ ਜਿੰਨ੍ਹਾ ਨੇ ਆਪਣੇ ਆਕਾ ਤੇ ਗੁਰੂ ਨਾਲ ਇਸ਼ਕ ਤੇ ਵਫ਼ਾ ਦੇ ਅਤੇ ਰੱਬ ਦੀ ਤੌਹੀਦ ਨੂੰ ਆਪਣੇ ਦਿਲ ਵਿੱਚ ਵਸਾਉਣ ਅਤੇ ਫਿਰ ਇਸਦੇ ਕਰਮ ਰੂਪੀ ਪ੍ਰਗਟਾਵੇ ਦੇ ਉਹ ਨਮੂਨੇ ਦਿਖਾਏ ਜੋ ਸਾਡੇ ਲਈ ਸੁਮਾਰਗ ਦੀਆਂ ਪੈੜ੍ਹਾਂ ਤੇ ਪਵਿੱਤਰ ਨਮੂਨੇ ਹਨ । ਫਿਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀਆਂ ਵੀ ਆਪਣੇ ਗ਼ੁਲਾਮਾ ਨਾਲ ਪ੍ਰੇਮ ਤੇ ਮਿਹਰ ਦੀਆਂ ਉਹ ਦਾਸਤਾਨਾ ਹਨ ਜਿੰਨ੍ਹਾ ਦੀਆਂ ਉਦਾਹਰਣਾ ਦੁਨੀਆ ਵਿੱਚ ਕਿਤੇ ਵੀ ਦਿਖਾਈ ਨਹੀਂ ਦੇ ਸਕਦੀਆਂ ਅਤੇ ਇਹੋ ਉਹ ਚੀਜ਼ ਹੈ ਜੋ ਅੱਜ ਵੀ ਪ੍ਰੇਮ ਤੇ ਪਿਆਰ ਦੇ ਵਾਤਾਵਰਣ ਨੂੰ ਪੈਦਾ ਕਰ ਸਕਦੀ ਹੈ, ਭਾਈਚਾਰੇ ਨੂੰ ਪੈਦਾ ਕਰ ਸਕਦੀ ਹੈ ਅਤੇ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਸਕਦੀ ਹੈ । ਸੋ, ਅੱਜ ਵੀ ਸਾਡੀ ਮੁਕਤੀ ਇਸੇ ਵਿੱਚ ਹੈ ਕਿ ਤੌਹੀਦ (ਇਕ ਈਸ਼ਵਰਵਾਦ) ਦੀ ਸਥਾਪਨਾ ਅਤੇ ਰਸੂਲੇ ਅਰਬੀ ਨਾਲ ਇਸ਼ਕ ਦੇ ਨਮੂਨਿਆਂ'ਤੇ ਕਾਇਮ ਹੋਈਏ । ਅਲੱਾਹ ਤਆਲਾ ਸਾਨੂੰ ਇਸ ਦਾ ਸੰਜੋਗ ਪ੍ਰਦਾਨ ਕਰੇ ।

ਜੁਮਏ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਮੌਲਾਨਾ ਤਾਲਬ ਯਾਕੂਬ ਸਾਹਬ ਸਪੁੱਤਰ ਮੁਹਤਰਮ ਤਯੱਬ ਯਾਕੂਬ ਸਾਹਬ ਮੁਬਲੱਗ਼ ਸਿਲਸਿਲਾ ਟ੍ਰੇਨੀ ਡਾਡਾ ਐਂਡ ਟੋਬਾਗੋ, ਮੁਕਰੱਮ ਇੰਜੀਨੀਅਰ ਇਫ਼ਤਿਖ਼ਾਰ ਅਲੀ ਕੁਰੈਸ਼ੀ ਸਾਹਬ ਸਾਬਕਾ ਵਕੀਲੁਲ ਮਾਲ ਸਾਲਸ ਅਤੇ ਨਾਇਬ ਸਦਰ ਮਜਲਿਸ ਤਹਿਰੀਕੇ ਜਦੀਦ ਰਬਵਾਹ, ਮੁਕਰੱਮ ਰਜ਼ੀਆ ਸੁਲਤਾਨਾ ਸਾਹਿਬਾ ਸੁਪਤਨੀ ਮੌਲਵੀ ਹਕੀਮ ਖ਼ੁਰਸ਼ੀਦ ਅਹਮਦ ਸਾਹਬ ਆਫ਼ ਪਾਕਿਸਤਾਨ, ਮੁਕਰੱਮ ਮੁਹਮੱਦ ਤਾਹਿਰ ਅਹਮਦ ਸਾਹਬ ਸਪੁੱਤਰ ਮੁਹਮੱਦ ਮਨਸੂਰ ਅਹਮਦ ਸਾਹਬ ਨਾਇਬ ਨਾਜ਼ਿਰ ਬੈਤੁਲ ਮਾਲ ਕਾਦੀਆਂ ਅਤੇ ਅਕੀਲ ਅਹਮਦ ਸਪੁੱਤਰ ਮਿਰਜ਼ਾ ਖ਼ਲੀਲ ਅਹਮਦ ਬੇਗ ਸਾਹਬ ਉਸਤਾਦ ਇੰਟਰ ਨੈਸ਼ਨਲ ਜਾਮਿਆ ਘਾਨਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਇਹਨਾ ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 25.09.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)